## ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ
17 ਬੇਜ਼ ਬਿਲਡਿੰਗ, ਸੈਕਟਰ 17 ਡੀ, ਚੰਡੀਗੜ੍ਹ।
(0172-2540125)

ਸੇਵਾ ਵਿਖੇ

ਰਾਜ ਦੇ ਸਾਰੇ
1. ਡਿਪਟੀ ਡਾਇਰੈਕਟਰ/ਸਹਾਇਕ ਡਾਇਰੈਕਟਰ ਆਫ ਫੈਕਟਰੀਜ
2. ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ
3. ਕਿਰਤ ਇੰਸਪੈਕਟਰ ਗ੍ਰੇਡ-I ਅਤੇ ਗ੍ਰੇਡ-II/ ਲੇਬਰ ਇਨਫੋਰਸਮੈਂਟ ਅਫਸਰ ਗ੍ਰੇਡ-II

ਨੰ:ਬਕਵਵਬ/2017/ 1681-1768
ਮਿਤੀ: 8.3.17

ਵਿਸ਼ਾ: **Registration of MNREGA workers under the Building and Other Construction Workers (RECS) Act, 1996-withdrawn therof.**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪਦਾ ਧਿਆਨ ਇਸ ਦਫਤਰ ਵਲੋਂ ਜਾਰੀ ਪੱਤਰ ਨੰ:3240-3365 ਮਿਤੀ 19.9.2013 ਵੱਲ ਦਵਾਇਆ ਜਾਂਦਾ ਹੈ ਜਿਸ ਰਾਹੀਂ ਆਪਨੂੰ ਕੇਂਦਰ ਸਰਕਾਰ ਕਿਰਤ ਤੇ ਰੋਜਗਾਰ ਮੰਤਰਾਲੇ ਵਲੋਂ ਮਨਰੇਗਾ ਵਰਕਰਾਂ ਨੂੰ ਰਜਿਸਟਰਡ ਕਰਨ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਮਿਤੀ 12.7.2013 ਭੇਜਦੇ ਹੋਏ ਲਿਖਿਆ ਗਿਆ ਸੀ ਕਿ ਮਨਰੇਗਾ ਕਿਰਤੀ ਜੋ ਕਿ ਬਿਲਡਿੰਗ ਅਤੇ ਹੋਰ ਉਸਾਰੀ ਦੇ ਕੰਮ ਦੀ ਸ਼੍ਰੇਣੀ ਵਿਚ ਆਉਂਦੇ ਹਨ ਅਤੇ ਉਨਾ ਨੇ ਇਕ ਸਾਲ ਵਿਚ ਮਨਰੇਗਾ ਕਿਰਤੀ ਵਜੋਂ 50 ਦਿਨ ਕੰਮ ਕੀਤਾ ਹੋਵੇ ਨੂੰ ਬੀ.ਓ.ਸੀ.ਡਬਲਿਯੂ ਐਕਟ ਅਧੀਨ ਰਜਿਸਟਰ ਕੀਤਾ ਜਾਵੇ।

ਇਸ ਸਬੰਧ ਵਿਚ ਕੇਂਦਰ ਸਰਕਾਰ ਕਿਰਤ ਤੇ ਰੁਜਗਾਰ ਮੰਤਰਾਲੇ ਨਵੀ ਦਿਲੀ ਵਲੋਂ ਮਨਰੇਗਾ ਕਿਰਤੀਆਂ ਨੂੰ ਬੀ.ਓ.ਸੀ.ਡਬਲਿਯੂ ਐਕਟ 1996 ਅਧੀਨ ਰਜਿਸਟਰਡ ਕਰਨ ਬਾਰੇ ਮੁੜ ਵਿਚਾਰ ਕੀਤਾ ਗਿਆ ਹੈ ਅਤੇ ਉਹਨਾ ਵਲੋਂ ਆਪਣੇ ਪਤਰ ਨੰ: Z-20011/03/2007-BL ਮਿਤੀ 10.2.2017 (ਕਾਪੀ ਨੱਥੀ) ਰਾਹੀਂ ਲਿਖਿਆ ਗਿਆ ਹੈ ਕਿ ਉਹਨਾਂ ਵਲੋਂ ਪਹਿਲਾਂ ਜਾਰੀ ਹਦਾਇਤਾਂ ਪੱਤਰ ਨੰ: Z 20011/05/2010-BL ਮਿਤੀ 12.7.2013 ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਰਾਜ ਸਰਕਾਰਾਂ ਨੂੰ ਲਿਖਿਆ ਗਿਆ ਹੈ ਕਿ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਬੀ.ਓ.ਸੀ. ਡਬਲਿਯੂ ਐਕਟ 1996 ਦੀ ਧਾਰਾ 12(1) ਅਨੁਸਾਰ ਹੀ ਕੀਤੀ ਜਾਵੇ।

ਇਸ ਲਈ ਆਪਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਨਰੇਗਾ ਕਿਰਤੀਆਂ ਨੂੰ ਬਤੌਰ ਉਸਾਰੀ ਕਿਰਤੀ ਰਜਿਸਟਰਡ ਕਰਨਾ ਤੁਰੰਤ ਤੋਂ ਬੰਦ ਕਰ ਦਿਤਾ ਜਾਵੇ ਅਤੇ ਇਸ ਦਫਤਰ ਵਲੋਂ ਜਾਰੀ ਹਦਾਇਤਾਂ ਪੱਤਰ ਮਿਤੀ 19.9.2013 ਤੋਂ ਪਹਿਲਾਂ ਦੀ ਸਥਿਤੀ ਅਨੁਸਾਰ ਬੀ.ਓ.ਸੀ.ਡਬਲਿਯੂ ਐਕਟ ਦੀ ਧਾਰਾ 12(1) ਅਨੁਸਾਰ ਹੀ ਉਸਾਰੀ ਕਿਰਤੀ ਰਜਿਸਟਰਡ ਕੀਤੇ ਜਾਣ।

ਇਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ।

ਨੱਥੀ/ਉਕੱਤ ਅਨੁਸਾਰ

ਵ/ਲ ਸਕੱਤਰ ਬੋਰਡ

ਪਿਠਅੰਕਣ ਨੰ: 1769-1779 ਮਿਤੀ: 8.3.17

ਇਸਦਾ ਇਕ ਉਤਾਰਾ ਹੇਠ ਲਿਖਿਆ ਨੂੰ ਇਸ ਦਫਤਰ ਦੇ ਪਿਠਅੰਕਣ ਨੰ: ਪਬਕਵਵਬ/2012-13/3366-76 ਮਿਤੀ 19.9.13 ਦੇ ਹਵਾਲੇ ਵਿਚ ਸਮੇਤ ਭਾਰਤ ਸਰਕਾਰ, ਕਿਰਤ ਤੇ ਰੋਜਗਾਰ ਮੰਤਰਾਲੇ ਦੇ ਪੱਤਰ ਮਿਤੀ 10.02.2017 ਦੀ ਕਾਪੀ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਵਧੀਕ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ, ਚੰਡੀਗੜ੍ਹ।

3. ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਪੰਜਾਬ, ਚੰਡੀਗੜ੍ਹ।
4. ਪ੍ਰਮੁੱਖ ਸਕੱਤਰ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ।
5. ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ ਪੰਜਾਬ, ਚੰਡੀਗੜ੍ਹ।
6. ਪ੍ਰਮੁੱਖ ਸਕੱਤਰ, ਸੈਨੀਟੇਸ਼ਨ ਅਤੇ ਜਲ ਸਪਲਾਈ ਵਿਭਾਗ ਪੰਜਾਬ, ਚੰਡੀਗੜ੍ਹ।
7. ਪ੍ਰਮੁੱਖ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਚੰਡੀਗੜ੍ਹ।
8. ਕਿਰਤ ਕਮਿਸ਼ਨਰ, ਪੰਜਾਬ, ਚੰਡੀਗੜ੍ਹ।
9. ਡਾਇਰੈਕਟਰ ਆਫ ਫੈਕਟ੍ਰੀਜ਼ ਪੰਜਾਬ, ਚੰਡੀਗੜ੍ਹ।
10. ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ।
11. ਡਾਇਰੈਕਟਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ।

ਨੱਥੀ/ਉਕੱਤ ਅਨੁਸਾਰ

Sd/- ਸਕੱਤਰ ਬੋਰਡ

ਪਿਠਅੰਕਣ ਨੰ: 1780-1785 ਮਿਤੀ: 8.3.17

ਇਸਦਾ ਇਕ ਉਤਾਰਾ ਹੇਠ ਲਿਖਿਆ ਨੂੰ ਇਸ ਦਫਤਰ ਦੇ ਪਿਠਅੰਕਣ ਨੰ: ਪਬਕਵਵਬ/2012-13/3377-3524 ਮਿਤੀ 19.9.2013 ਦੇ ਹਵਾਲੇ ਵਿਚ ਸਮੇਤ ਭਾਰਤ ਸਰਕਾਰ, ਕਿਰਤ ਤੇ ਰੋਜਗਾਰ ਮੰਤਰਾਲੇ ਦੇ ਪੱਤਰ ਮਿਤੀ 10.2.2017 ਦੀ ਕਾਪੀ ਸੂਚਨਾ ਅਤੇ ਜਰੂਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪ੍ਰਸ਼ਾਸਕ, ਪੁੱਡਾ/ਗਮਾਡਾ/ਗਲਾਡਾ/ਜੇ.ਡੀ.ਏ/ਬੀ.ਡੀ.ਏ/ਏ.ਡੀ.ਏ/ਪੀ.ਡੀ.ਏ
2. ਚੀਫ ਇੰਜੀਨੀਅਰ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ।
3. ਚੀਫ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ) ਪੰਜਾਬ, ਪਟਿਆਲਾ।
4. ਚੀਫ ਇੰਜੀਨੀਅਰ, ਸੈਨੀਟੇਸ਼ਨ ਅਤੇ ਜਲ ਸਪਲਾਈ ਵਿਭਾਗ ਪੰਜਾਬ, ਪਟਿਆਲਾ।
5. ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨਾਂ ਪੰਜਾਬ ਰਾਜ।
6. ਰਾਜ ਦੀਆਂ ਸਾਰੀਆਂ ਮਿਉਂਸਪਲ ਕੌਂਸਲਾਂ/ਨਗਰ ਪੰਚਾਇਤਾਂ/ਨੋਟਿਫਾਈਡ ਏਰੀਆਂ ਕਮੇਟੀਆਂ ਦੇ ਕਾਰਜਕਾਰੀ ਅਫਸਰ।

ਨੱਥੀ/ਉਕੱਤ ਅਨੁਸਾਰ

Sd/- ਸਕੱਤਰ ਬੋਰਡ

ਪਿਠਅੰਕਣ ਨੰ: 1786 ਮਿਤੀ: 8.3.17

ਇਸਦਾ ਇਕ ਉਤਾਰਾ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਫੇਜ-8, ਮੁਹਾਲੀ ਨੂੰ ਇਸ ਦਫਤਰ ਦੇ ਪਿਠਅੰਕਣ ਨੰ: ਪਬਕਵਵਬ/2012-13/3525-3665 ਮਿਤੀ 19.9.2013 ਦੇ ਹਵਾਲੇ ਵਿੱਚ ਸਮੇਤ ਭਾਰਤ ਸਰਕਾਰ, ਕਿਰਤ ਤੇ ਰੋਜਗਾਰ ਮੰਤਰਾਲੇ ਦੇ ਪੱਤਰ ਮਿਤੀ 10.2.2017 ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ, ਪੰਚਾਇਤ ਅਫਸਰਾਂ, ਸੋਸ਼ਲ ਸਿਖਿਆ ਅਤੇ ਪੰਚਾਇਤ ਅਫਸਰਾਂ ਤੇ ਜੂਨੀਅਰ ਇੰਜੀਨੀਅਰਾਂ ਨੂੰ ਉਪਰੋਕਤ ਹਦਾਇਤਾਂ ਨੋਟ ਕਰਵਾ ਦਿਤੀਆਂ ਜਾਣ ਅਤੇ ਸੁਨਿਸ਼ਚਿਤ ਕੀਤਾ ਜਾਵੇ ਕਿ ਆਪਦੇ ਅਧੀਨ ਉਪਰੋਕਤ ਅਧਿਕਾਰੀਆਂ ਵਲੋਂ ਕੋਈ ਵੀ ਮਨਰੇਗਾ ਕਿਰਤੀ ਰਜਿਸਟਰਡ ਨਾ ਕੀਤਾ ਜਾਵੇ।

ਨੱਥੀ/ਉਕੱਤ ਅਨੁਸਾਰ

Sd/- ਸਕੱਤਰ ਬੋਰਡ